# ਸਰੀ ਪੁਲਿਸ ਨੇ 10 ਮੋਸਟ ਵਾਂਟੇਡ ਅਪਰਾਧੀਆਂ ਦੀ ਸੂਚੀ ਵਿੱਚ ਸਭ ਤੋਂ ਉੱਤੇ 2 ਪੰਜਾਬੀਆਂ ਦਾ ਨਾਂ

**ਸਰੀ/ਬਿਓਰੋ**

ਕੈਨੇਡਾ ਦੀ ਸਰੀ ਪੁਲਿਸ ਨੇ 10 ਮੋਸਟ ਵਾਂਟੇਡ ਅਪਰਾਧੀਆਂ ਦੀ ਸੂਚੀ ਜਾਰੀ ਕੀਤੀ ਹੈ। ਇਸ ਸੂਚੀ ਵਿੱਚ ਸਭ ਤੋਂ ਉੱਤੇ ਦੋ ਪੰਜਾਬੀਆਂ ਦਾ ਨਾਂ ਹੈ। ਸਰੀ ਦੀ ਪੁਲਿਸ ਨੇ ਇਹ ਸੂਚੀ ਜਾਰੀ ਕਰਦਿਆਂ ਕਿਹਾ ਕਿ ਜੇਕਰ ਇਨ੍ਹਾਂ ਬਾਰੇ ਕਿਸੇ ਨੂੰ ਕੋਈ ਵੀ ਜਾਣਕਾਰੀ ਮਿਲਦੀ ਹੈ ਤਾਂ ਉਹ ਇਸ ਸਬੰਧੀ ਤੁਰੰਤ ਪੁਲਿਸ ਨੂੰ ਸੂਚਿਤ ਕਰਨ।

ਪੁਲਿਸ ਦਾ ਕਹਿਣਾ ਹੈ ਕਿ ਇਨ੍ਹਾਂ ਅਪਰਾਧੀਆਂ ਦੇ ਨਾਂ 'ਤੇ ਹਿੰਸਾ, ਚੋਰੀਆਂ, ਹਥਿਆਰ ਰੱਖਣ ਵਰਗੇ ਕਈ ਤਰ੍ਹਾਂ ਦੇ ਅਪਰਾਧਕ ਮਾਮਲੇ ਦਰਜ ਹਨ। ਪੁਲਿਸ ਦਾ ਕਹਿਣਾ ਹੈ ਕਿ ਉਹ ਛੁੱਟੀਆਂ ਦੇ ਇਸ ਮੌਸਮ ਵਿੱਚ ਇਨ੍ਹਾਂ ਖ਼ਤਰਨਾਕ ਅਪਰਾਧੀਆਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕ ਕੇ ਲੋਕਾਂ ਨੂੰ ਸੁਰੱਖਿਅਤ ਕਰਨਾ ਚਾਹੁੰਦੇ ਹਨ। ਇਨ੍ਹਾਂ ਅਪਰਾਧੀਆਂ ਦੀ ਉਮਰ 22 ਤੋਂ 48 ਸਾਲ ਦੇ ਵਿਚਕਾਰ ਹੈ। ਉਪਰੋਕਤ ਦੋ ਅਪਰਾਧੀ ਅਨਿਲ ਗਿੱਲ 35 ਸਾਲ ਅਤੇ ਰਵਨੀਸ਼ ਸ਼ਰਮਾ 30 ਸਾਲਾ ਦਾ ਹੈ।

# ਪਿਤਾ ਦੀ ਬੰਦੂਕ ਨਾਲ ਖੇਡਦੇ ਦੋ ਸਾਲਾ ਬੱਚੇ ਦੀ ਮੌਤ

**ਵਾਸ਼ਿਗਟਨ/ਬਿਓਰੋ**



ਅਮਰੀਕਾ 'ਚ ਬੱਚੇ ਨੇ ਆਪਣੇ ਪਿਤਾ ਦੀ ਬੰਦੂਕ ਨਾਲ ਖੇਡਦੇ ਹੋਏ ਖੁਦ ਨੂੰ ਗੋਲੀ ਮਾਰ ਲਈ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

ਇਕ ਗੁਆਂਢੀ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਉਸ ਨੇ ਗੋਲੀ ਚੱਲਣ ਦੀ ਆਵਾਜ਼ ਸੁਣਨ ਤੋਂ ਬਾਅਦ ਬੱਚੇ ਦੇ ਭਰਾ ਨੂੰ ਘਰ ਤੋਂ ਬਾਹਰ ਭੱਜਦੇ ਹੋਇਆਂ ਵੇਖਿਆ ਅਤੇ ਉਸ ਨੇ 911 'ਤੇ ਫੋਨ ਕੀਤਾ। ਉਸ ਨੇ ਦੱਸਿਆ ਕਿ ਬੱਚੇ ਦੇ ਸਿਰ 'ਚ ਗੋਲੀ ਵੱਜੀ ਅਤੇ ਉਹ ਜ਼ਮੀਨ 'ਤੇ ਡਿੱਗਿਆ ਹੋਇਆ ਸੀ। ਪੁਲਿਸ ਮੁਤਾਬਿਕ ਬੱਚੇ ਦਾ ਪਿਤਾ 54 ਸਾਲਾ ਇਕ ਪੁਲਿਸ ਮੁਲਾਜ਼ਮ ਹੈ। ਮਾਮਲੇ ਦੀ ਜਾਂਚ ਜਾਰੀ ਹੈ ਅਤੇ ਇਸ ਸਬੰਧੀ ਅਜੇ ਤੱਕ ਕੋਈ ਵੀ ਗ੍ਰਿਫਤਾਰੀ ਨਹੀਂ ਹੋਈ ਹੈ।

# 2016 'ਚ ਘੱਟੋ-ਘੱਟ 57 ਪੱਤਰਕਾਰ ਡਿਊਟੀ ਦੌਰਾਨ ਮਾਰੇ ਗਏ ਹਨ

**ਪੈਰਿਸ/ਬਿਓਰੋ**


REPORTERS WITHOUT BORDERS
FOR PRESS FREEDOM

ਬੀਤੇ ਸਾਲ 2016 ਵਿਚ ਘੱਟੋ-ਘੱਟ 57 ਪੱਤਰਕਾਰ ਆਪਣੀ ਡਿਊਟੀ ਦੌਰਾਨ ਮਾਰੇ ਗਏ ਹਨ। ਪ੍ਰੈੱਸ ਸੁਤੰਤਰਤਾ ਗਰੁੱਪ 'ਰਿਪੋਰਟਸ ਵਿਦਾਊਟ ਬਾਰਡਰਸ' ਨੇ ਦੱਸਿਆ ਕਿ ਇਨ੍ਹਾਂ ਵਿਚੋਂ 19 ਪੱਤਰਕਾਰ ਇਕੱਲੇ ਸੀਰੀਆ ਵਿਚ ਮਾਰੇ ਗਏ ਹਨ। ਅਫਗਾਨਿਸਤਾਨ 'ਚ 10, ਮੈਕਸੀਕੋ 'ਚ 9 ਅਤੇ ਇਰਾਕ 'ਚ 5 ਪੱਤਰਕਾਰ ਮਾਰੇ ਗਏ ਹਨ।

ਇਸ ਸਾਲ ਮਾਰੇ ਗਏ ਪੱਤਰਕਾਰਾਂ ਵਿਚੋਂ ਜ਼ਿਆਦਾ ਸਥਾਨਕ ਪੱਧਰ ਉੱਤੇ ਕੰਮ ਕਰਦੇ ਸਨ। ਇਸ ਸਾਲ ਮਾਰੇ ਗਏ ਪੱਤਰਕਾਰਾਂ ਦੀ ਗਿਣਤੀ ਪਿਛਲੇ ਸਾਲ ਤੋਂ ਘੱਟ ਹੈ। ਵਰਨਣਯੋਗ ਹੈ ਕਿ ਸਾਲ 2015 ਦੌਰਾਨ 67 ਪੱਤਰਕਾਰ ਮਾਰੇ ਗਏ ਸਨ। ਇਸ ਗਰੁੱਪ ਦਾ ਕਹਿਣਾ ਹੈ ਕਿ ਮੌਤਾਂ ਵਿਚ ਕਮੀ ਇਸ ਲਈ ਆਈ ਕਿ ਪੱਤਰਕਾਰਾਂ ਨੇ ਖਤਰਨਾਕ ਦੇਸ਼ਾਂ ਖਾਸ ਕਰਕੇ ਸੀਰੀਆ, ਇਰਾਕ, ਲੀਬੀਆ, ਯਮਨ, ਅਫਗਾਨਿਸਤਾਨ ਤੇ ਬੁਰੁੰਡੀ ਨੂੰ ਛੱਡ ਦਿੱਤਾ ਹੈ। ਇਸ ਗਰੁੱਪ ਨੇ ਕਿਹਾ ਹੈ ਕਿ ਇਨ੍ਹਾਂ ਦੇਸ਼ਾਂ ਵਿਚੋਂ ਪੱਤਰਕਾਰਾਂ ਨੂੰ ਹਟਾਏ ਜਾਣ ਕਾਰਨ ਉੱਥੋਂ ਦੀ ਜਾਣਕਾਰੀ ਅਤੇ ਖਬਰਾਂ ਨਹੀਂ ਆ ਰਹੀਆਂ।

# ਭਾਰਤੀ ਮੂਲ ਦੇ ਪ੍ਰਦੀਪ ਗੁਪਤਾ ਚੁਣੇ ਗਏ ਕੈਲੀਫੋਰਨੀਆ ਸ਼ਹਿਰ ਦੇ ਮੇਅਰ

**ਵਾਸ਼ਿਗਟਨ/ਬਿਓਰੋ**



ਮੀਡੀਆ ਵਿੱਚ ਜਾਰੀ ਇੱਕ ਬਿਆਨ ਅਨੁਸਾਰ ਭਾਰਤੀ ਮੂਲ (ਚੇਨਈ) ਦੇ ਪ੍ਰਦੀਪ ਗੁਪਤਾ ਅਮਰੀਕੀ ਇਜੀਨੀਅਰ ਨੂੰ ਸ਼ਹਿਰ ਦਾ ਮੇਅਰ ਚੁਣਿਆ ਗਿਆ। ਗੁਪਤਾ ਅਜਿਹੇ ਦੂਜੇ ਭਾਰਤੀ ਹਨ, ਜਿਨ੍ਹਾਂ ਨੂੰ ਕੈਲੀਫੋਰਨੀਆ ਸ਼ਹਿਰ ਦਾ ਮੇਅਰ ਚੁਣਿਆ ਗਿਆ ਹੈ। ਇਸ ਤੋਂ ਪਹਿਲਾਂ ਭਾਰਤੀ ਮੂਲ ਦੀ ਅਮਰੀਕੀ ਔਰਤ ਸਵਿਤਾ ਵੈਦਿਆਨਾਥਨ ਨੂੰ ਕੈਲੀਫੋਰਨੀਆ ਦੇ ਕੁਪਰਟੀਨੋ ਸ਼ਹਿਰ ਦੀ ਨਵੀਂ ਮੇਅਰ ਚੁਣ ਗਿਆ ਸੀ।

ਗੁਪਤਾ ਨੇ ਕਿਹਾ, "ਇਹ ਮੇਰੇ ਲਈ ਮਾਣ ਵਾਲੀ ਗੱਲ ਹੈ ਕਿ ਜੋ ਕੰਮ ਸਾਬਕਾ ਮੇਅਰ ਮਾਰਕ ਐਡਿਗੋ ਨੇ ਸ਼ੁਰੂ ਕੀਤਾ ਸੀ, ਉਸ ਨੂੰ ਮੈਂ ਅੱਗੇ ਵਧਾਵਾਂ ਅਤੇ ਲਗਾਤਾਰ ਕੰਮ ਕਰਦਾ ਰਹਾਂ।" ਉਨ੍ਹਾਂ ਕਿਹਾ ਕਿ ਸਾਡੇ ਕੌਂਸਲ ਵਿੱਚ ਕਈ ਲੋਕਾਂ ਦਾ ਇੱਕ ਸ਼ਾਨਦਾਰ ਸਮੂਹ ਹੈ। ਇਨ੍ਹਾਂ ਵਿੱਚੋਂ ਕਈ ਤਾਂ ਸਾਲਾਂ ਤੋਂ ਸ਼ਹਿਰ ਦੀ ਸੇਵਾ ਕਰ ਰਹੇ ਹਨ। ਇਨ੍ਹਾਂ ਉਤਸੁਕਤਾ ਭਰੇ ਪਲਾਂ ਵਿੱਚ ਕੌਂਸਲ ਅਤੇ ਆਪਣੇ ਸ਼ਹਿਰ ਦੀ ਅਗਵਾਈ ਕਰਨ ਲਈ ਮੈਂ ਬੇਹੱਦ ਉਤਾਵਲਾ ਹਾਂ।

ਗੁਪਤਾ ਨੂੰ 31 ਦਸੰਬਰ 2012 ਨੂੰ ਇੱਕ ਸਾਲ ਦੇ ਕਾਰਜਕਾਲ ਲਈ ਸਾਊਥ ਸਾਨ-ਫਰਾਂਸਿਸਕੋ ਸਿਟੀ ਕੌਂਸਲ ਲਈ ਨਿਯੁਕਤ ਕੀਤਾ ਗਿਆ ਸੀ ਅਤੇ ਦਸੰਬਰ 2013 ਵਿੱਚ ਉਨ੍ਹਾਂ ਨੂੰ ਚਾਰ ਸਾਲ ਦੇ ਪੂਰਨ ਕਾਰਜਕਾਲ ਲਈ ਚੁਣਿਆ ਗਿਆ। ਸਿਟੀ ਕੌਂਸਲ ਵਿੱਚ ਨਿਯੁਕਤੀ ਤੋਂ ਪਹਿਲਾਂ ਉਨ੍ਹਾਂ ਨੇ 2011 ਵਿੱਚ ਬਤੌਰ ਪ੍ਰਧਾਨ ਤਿੰਨ ਸਾਲ ਲਈ ਸਾਊਥ ਸਾਨ ਫਰਾਂਸਿਸਕੋ ਪਲਾਨਿੰਗ ਕਮਿਸ਼ਨ ਵਿੱਚ ਸੇਵਾ ਨਿਭਾਈ। ਇਸ ਤੋਂ ਪਹਿਲਾਂ ਉਹ ਸ਼ਹਿਰ ਦੇ ਡਿਪਟੀ ਮੇਅਰ ਦੇ ਤੌਰ 'ਤੇ ਸੇਵਾ ਦੇ ਚੁੱਕੇ ਹਨ।

# ਧਨਾਢ ਵਿਅਕਤੀਆਂ ਨੂੰ ਬਲੈਕਮੇਲ ਕਰਦੀਆਂ 2 ਕੈਨੇਡੀਅਨ ਭੈਣਾਂ ਅਫਰੀਕਾ 'ਚ ਗ੍ਰਿਫ਼ਤਾਰ

**ਟੋਰਾਂਟੋ/ਸਤਪਾਲ ਸਿੰਘ ਜੌਹਲ**

ਕੈਨੇਡਾ ਦੇ ਸ਼ਹਿਰ ਟੋਰਾਂਟੋ ਤੋਂ ਅਫਰੀਕਾ ਦੇ ਦੇਸ਼ ਨਾਈਜੀਰੀਆ ਵਿਚ ਜਾ ਕੇ ਵੇਸਵਾਪੁਣੇ ਨਾਲ ਜੁੜ ਕੇ ਧਨਾਢ ਵਿਅਕਤੀਆਂ ਨੂੰ ਬਲੈਕਮੇਲ ਕਰਨ ਅਤੇ ਜਬਰੀ ਰਕਮਾਂ ਵਸੂਲਣ ਦੇ ਦੋਸ਼ਾਂ ਤਹਿਤ ਭਾਰਤੀ ਮੂਲ ਦੀਆਂ ਤਰਨਜੋਤ ਅਤੇ ਕਿਰਨ ਮਠਾੜੂ ਨਾਮਕ ਕੁੜੀਆਂ (ਸਕੀਆਂ ਭੈਣਾਂ) ਪੁਲਿਸ ਨੇ ਗਿਫਤਾਰ ਕੀਤੀਆਂ ਹਨ।

ਦੋਵਾਂ ਨੂੰ ਰਾਜਧਾਨੀ ਲਾਗੋਸ ਲਾਗੇ ਯਾਬਾ ਵਿਖੇ ਬੀਤੀ 23 ਦਸੰਬਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਬੀਤੇ ਕੱਲ੍ਹ ਜ਼ਮਾਨਤ 'ਤੇ ਰਿਹਾਅ ਕੀਤੀਆਂ ਗਈਆਂ। ਕੈਨੇਡਾ ਦੇ ਵਿਦੇਸ਼ ਮੰਤਰਾਲੇ ਵੱਲੋਂ ਕੈਨੇਡੀਅਨ ਨਾਗਰਿਕ ਤਰਨਜੋਤ ਉਰਫ ਜੋਤੀ ਅਤੇ ਕਿਰਨ ਦੀ ਅਫਰੀਕਾ ਵਿਚ ਗਿਫਤਾਰੀ ਦੀ ਪੁਸ਼ਟੀ ਕੀਤੀ ਗਈ ਹੈ।

ਮਿਲੀ ਜਾਣਕਾਰੀ ਮੁਤਾਬਿਕ ਉਹ ਵੈਬਸਾਈਟ, ਟਵਿੱਟਰ, ਇਸਟਾਗ੍ਰਾਮ ਆਦਿਕ ਅਕਾਊਂਟਾਂ ਰਾਹੀਂ ਆਪਣਾ ਧੰਦਾ ਚਲਾਉਂਦੀਆਂ ਸਨ। ਆਪਣੇ ਕਮਰਿਆਂ ਵਿਚ ਛੁਪਾ ਕੇ ਕੈਮਰੇ ਲਗਾਏ ਹੋਏ ਸਨ, ਜਿਨ੍ਹਾਂ ਰਾਹੀਂ ਕੋਲ ਆਏ ਬੰਦਿਆਂ ਦੀਆਂ ਫੋਟੋਆਂ ਖਿੱਚ ਲਈਆਂ ਜਾਂਦੀਆਂ ਸਨ ਅਤੇ ਵੀਡੀਓ ਕਲਿੱਪ ਬਣਾ ਲਏ ਜਾਂਦੇ। ਉਸ ਸਮੱਗਰੀ ਦੇ ਅਧਾਰ 'ਤੇ ਉਨ੍ਹਾਂ ਬੰਦਿਆਂ ਨੂੰ ਬਲੈਕਮੇਲ ਕੀਤਾ ਜਾਂਦਾ ਸੀ ਅਤੇ ਜਾਣਬੁੱਝ ਕੇ ਨਾਮਵਰ ਅਤੇ ਅਮੀਰ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸੀ। ਪੁਲਿਸ ਵੱਲੋਂ ਜਾਰੀ ਕੀਤੀਆਂ ਗਈਆਂ ਤਸਵੀਰਾਂ ਅਨੁਸਾਰ ਕਥਿਤ ਦੋਵੇਂ ਦੋਸ਼ਣਾਂ ਇੰਟਰਨੈਟ ਰਾਹੀਂ ਲੋਕਾਂ ਨੂੰ ਆਪਣੇ ਸ਼ਾਹੀ ਜੀਵਨ ਦਾ ਭੁਲੇਖਾ ਪਾਉਂਦੀਆਂ ਸਨ।

# ਟੋਰਾਂਟੋ 'ਚ ਬੱਸ ਬਿਜਲੀ ਦੇ ਖੰਭੇ ਨਾਲ ਟਕਰਾਈ, 7 ਲੋਕ ਹੋਏ ਜ਼ਖ਼ਮੀ



**ਟੋਰਾਂਟੋ/ਬਿਓਰੋ**

ਟੋਰਾਂਟੋ ਵਿਖੇ ਸ਼ਹਿਰ 'ਚ ਬਿਜਲੀ ਦੇ ਖੰਭੇ ਨਾਲ ਇੱਕ ਬੱਸ ਦੇ ਟਕਰਾਅ ਜਾਣ ਕਾਰਨ ਸੱਤ ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆ ਨੂੰ ਤੁਰੰਤ ਹਸਪਤਾਲ 'ਚ ਭਰਤੀ ਕਰਾਇਆ ਗਿਆ। ਇਹ ਬੱਸ ਟੋਰਾਂਟੋ ਟਰਾਂਜ਼ਿਟ ਕਮਿਸ਼ਨ ਦੀ ਸੀ ਅਤੇ ਇਸ ਵਿੱਚ 45 ਲੋਕ ਸਵਾਰ ਸਨ।

ਫਾਇਰਬ੍ਰਗੇਡ ਦੇ ਇੱਕ ਕਰਮਚਾਰੀ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਹ ਹਾਦਸਾ ਕੁਈਨ ਅਤੇ ਸ਼ੇਰਬੌਰਨ ਸਟਰੀਟਾਂ ਦੇ ਮੋੜ 'ਤੇ ਸ਼ਾਮ 5.30 ਵਜੇ ਵਾਪਰਿਆ। ਬੱਸ ਦੇ ਖੰਭੇ ਨਾਲ ਟਕਾਰਉਣ ਕਾਰਨ ਬਿਜਲੀ ਦੀਆਂ ਤਾਰਾਂ ਹੇਠਾਂ ਡਿੱਗ ਪਈਆਂ ਜਿਨ੍ਹਾ ਨੂੰ ਮੌਕੇ 'ਤੇ ਹੀ ਫਾਇਰਫਾਈਟਰਜ਼ ਵੱਲੋਂ ਪਾਸੇ ਹਟਾ ਦਿੱਤਾ ਗਿਆ ਅਤੇ ਬਾਅਦ 'ਚ ਯਾਤਰੀਆਂ ਨੂੰ ਬਾਹਰ ਕੱਢਿਆ। ਅਜੇ ਤੱਕ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

# ਜਰਮਨੀ 'ਚ ਦੂਜੇ ਵਿਸ਼ਵ ਯੁੱਧ ਦੇ ਸਮੇਂ ਦਾ ਬੰਬ ਮਿਲਿਆ




**ਬਰਲਿਨ/ਬਿਓਰੋ**

1944 ਵਿਚ ਬ੍ਰਿਟਿਸ਼ ਬੰਬ ਹਮਲਿਆਂ ਦੌਰਾਨ ਜਰਮਨੀ ਦਾ ਇਹ ਪੁਰਾਣਾ ਸ਼ਹਿਰ ਪੂਰੀ ਤਰ੍ਹਾਂ ਬਰਬਾਦ ਹੋ ਗਿਆ ਸੀ। ਇਸ ਲਈ ਹੁਣ ਮਿਲੇ ਜਰਮਨੀ ਦੇ ਸ਼ਹਿਰ ਆਗਜਬਰਗ ਵਿਚ 72 ਸਾਲ ਪੁਰਾਣੇ ਬੰਬ ਨੂੰ ਨਸ਼ਟ ਕਰਨ ਲਈ 50 ਹਜ਼ਾਰ ਲੋਕਾਂ ਨੂੰ ਘਰਾਂ ਤੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਦਿਤਾ ਗਿਆ।

ਇਹ ਬੰਬ ਮੰਗਲਵਾਰ ਨੂੰ ਇਕ ਉਸਾਰੀ ਦੇ ਕੰਮ ਦੌਰਾਨ ਮਿਲਿਆ। ਪੁਲੀਸ ਦਾ ਕਹਿਣਾ ਹੈ ਕਿ ਇਹ ਮੁਹਿੰਮ ਕਿੰਨੀਂ ਦੇਰ ਤਕ ਚਲੇਗੀ, ਇਸ ਬਾਰੇ ਫਿਲਹਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਪੁਲਸ ਨੇ ਕਿਹਾ ਕਿ ਪ੍ਰਸ਼ਾਸਨ ਕੋਈ ਜੋਖਮ ਨਹੀਂ ਲੈਣਾ ਚਾਹੁੰਦਾ ਅਤੇ ਇਸ ਲਈ ਉਹ ਬੰਬ ਦੇ ਘੇਰੇ ਵਿਚ ਆਉਣ ਵਾਲੇ 1.5 ਕਿਲੋਮੀਟਰ ਦੇ ਇਲਾਕੇ ਨੂੰ ਖ਼ਾਲੀ ਕਰਵਾ ਰਿਹਾ ਹੈ।

ਇਹ ਬੰਬ ਦੂਜੇ ਵਿਸ਼ਵ ਯੁੱਧ ਦੇ ਸਮੇਂ ਦਾ ਦੱਸਿਆ ਜਾ ਰਿਹਾ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਕਿਸੇ ਬੰਬ ਨੂੰ ਨਸ਼ਟ ਕਰਨ ਲਈ ਇੰਨੇ ਵੱਡੇ ਪੈਮਾਨੇ 'ਤੇ ਲੋਕਾਂ ਨੂੰ ਪਹਿਲਾਂ ਕਦੇ ਘਰਾਂ ਤੋਂ ਨਹੀਂ ਕਢਿਆ ਗਿਆ।

# ਪ੍ਰੋ. ਆਰਥਰ ਬਾਇਕਾਟ ਵੱਲੋਂ 130 ਸਾਲ ਪਹਿਲਾਂ ਲਈ ਕਿਤਾਬ ਉਸ ਦੀ ਪੋਤੀ ਨੇ ਮੋੜੀ




**ਲੰਡਨ/ਬਿਓਰੋ**

ਐਲਿਸ ਗਿਲੇਟ (77) ਨੂੰ ਇੰਗਲੈਂਡ ਦੇ ਟੌਂਟਨ, ਸੋਮਰਸੈਟ ਵਿੱਚ ਆਪਣੇ ਮਰਹੂਮ ਪਤੀ ਦੀਆਂ ਨਿਸ਼ਾਨੀਆਂ ਹਟਾਉਂਦਿਆਂ ਡਾ. ਵਿਲੀਅਮ ਬੀ ਕਾਰਪੈਂਟਰ ਵੱਲੋਂ ਲਿਖੀ 'ਦਿ ਮਾਈਕਰੋਸਕੋਪ ਐਂਡ ਇਟਸ ਰੈਵਲੇਸ਼ਨਜ਼' ਪੁਸਤਕ ਲੱਭੀ। ਹਜ਼ਾਰ ਸਫ਼ਿਆਂ ਦੀ ਇਸ ਪੁਸਤਕ ਦੇ ਪੰਨੇ ਪਲਟਦਿਆਂ ਉਸ ਉਤੇ ਤਰੀਕ ਵਾਲੀ ਮੋਹਰ ਲੱਗੀ ਮਿਲੀ, ਜਿਸ ਉਤੇ ਦਰਸਾਇਆ ਗਿਆ ਸੀ ਕਿ ਇਹ ਪੁਸਤਕ ਹੇਅਰਫੋਰਡ ਕੈਥੇਡਰਲ ਸਕੂਲ ਤੋਂ 1886 ਵਿੱਚ ਉਧਾਰੀ ਲਈ ਗਈ ਸੀ। ਮੈਟਰੋ. ਕੋ. ਯੂ.ਕੇ. ਦੀ ਰਿਪੋਰਟ ਮੁਤਾਬਕ ਇਹ ਪੁਸਤਕ ਐਲਿਸ ਦੇ ਦਾਦਾ ਪ੍ਰੋ. ਆਰਥਰ ਬਾਇਕਾਟ, ਜਿਨ੍ਹਾਂ 1886 ਤੋਂ 1894 ਵਿਚਾਲੇ ਸਕੂਲੀ ਪੜ੍ਹਾਈ ਕੀਤੀ, ਨੇ ਉਧਾਰੀ ਲਈ ਸੀ।

ਐਲਿਸ ਗਿਲੇਟ ਦੇ ਦਾਦੇ ਪ੍ਰੋ. ਆਰਥਰ ਬਾਇਕਾਟ ਵੱਲੋਂ ਤਕਰੀਬਨ ੧੩੦ ਸਾਲਾਂ ਪਹਿਲਾਂ ਆਪਣੇ ਸਕੂਲ ਦੀ ਲਾਇਬ੍ਰੇਰੀ ਵਿੱਚੋਂ ਲਈ ਕਿਤਾਬ ਪੋਤੀ ਨੇ ਮੁਆਫ਼ੀ ਵਾਲੀ ਚਿੱਠੀ ਸਮੇਤ ਵਾਪਸ ਕੀਤੀ ਹੈ। ਇਸ ਔਰਤ ਨੇ ਚਿੱਠੀ ਵਿੱਚ ਲਿਖਿਆ ਕਿ "ਲਗਦਾ ਹੈ ਕਿ ਤੁਹਾਡੇ ਸਾਬਕਾ ਵਿਦਿਆਰਥੀ ਨੇ ਇਹ ਕਿਤਾਬ ਚੋਰੀ ਕਰ ਲਈ ਸੀ।" ਇਸ ਦੌਰਾਨ ਸਕੂਲ ਦੇ ਬੁਲਾਰੇ ਨੇ ਕਿਹਾ ਕਿ ਪੁਸਤਕ ਦੁਬਾਰਾ ਮਿਲਣਾ ਖ਼ੁਸ਼ੀ ਦੀ ਗੱਲ ਹੈ ਅਤੇ ਪੁਸਤਕ ਦਾ ਚੰਗੀ ਹਾਲਤ ਵਿੱਚ ਹੋਣਾ ਹੋਰ ਵੀ ਤਸੱਲੀਬਖ਼ਸ਼ ਹੈ।

# ਜਹਾਜ਼ ਫੋਰਟ ਮੈਕਮਰੀ ਦੇ ਹਵਾਈ ਅੱਡੇ 'ਤੇ ਬਰਫ ਵਿਚਕਾਰ ਆ ਡਿੱਗਾ

**ਫੋਰਟ ਮੈਕਮਰੀ/ਬਿਓਰੋ**



ਇਕ ਛੋਟਾ ਜਹਾਜ਼ 'ਚ ਜਿਸ ਵਿੱਚ ਪਾਇਲਟ ਸਮੇਤ ਚਾਰ ਲੋਕ ਸਵਾਰ ਸਨ, ਫੋਰਟ ਮੈਕਮਰੀ ਦੇ ਹਵਾਈ ਅੱਡੇ 'ਤੇ ਬਰਫ ਵਿਚਕਾਰ ਡਿੱਗ ਪਿਆ। ਇਸ ਹਾਦਸੇ ਵਿੱਚ ਸਵਾਰਾ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਵੁੱਡ ਬਫੈਲੋ ਦੀ ਸੰਕਟਕਾਲੀ ਪ੍ਰਬੰਧਨ ਸ਼ਾਖਾ ਦੇ ਇੱਕ ਅਧਿਕਾਰੀ ਬਰੈਂਡ ਗ੍ਰੇਂਜਰ ਨੇ ਦੱਸਿਆ ਇਸ ਜਹਾਜ਼ ਨੇ ਕੈਮਰੋਜ਼ ਤੋਂ ਉਡਾਣ ਭਰੀ ਸੀ ਅਤੇ ਇਸ ਨੇ ਫੋਰਟ ਮੈਕਮਰੀ ਦੇ ਹਵਾਈ ਅੱਡੇ 'ਤੇ ਪਹੁੰਚਣਾ ਸੀ।

ਜਹਾਜ਼ ਦੇ ਫੋਰਟ ਮੈਕਮਰੀ 'ਤੇ ਪਹੁੰਚਣ ਤੋਂ ਪਹਿਲਾਂ ਹੀ ਇਸ ਦੇ ਇੰਜਣ 'ਚ ਖ਼ਰਾਬੀ ਆ ਗਈ। ਖ਼ਰਾਬੀ ਬਾਰੇ ਸੂਚਨਾ ਮਿਲਣ ਤੋਂ ਬਾਅਦ 8 ਫਾਇਰ ਟਰੱਕ ਅਤੇ ਤਿੰਨ ਐਂਬੂਲੈਂਸਾਂ ਨੇ ਜਹਾਜ਼ ਦਾ ਪਿੱਛਾ ਕੀਤਾ ਤਾਂ ਲੈਂਡਿੰਗ ਵੇਲੇ ਸਥਿਤੀ ਨੂੰ ਸੰਭਾਲਿਆ ਜਾ ਸਕੇ। ਜਹਾਜ਼ ਫੋਰਟ ਮੈਕਮਰੀ ਦੇ ਹਵਾਈ ਅੱਡੇ 'ਤੇ ਪਹੁੰਚ ਗਿਆ ਅਤੇ ਇਹ ਰਨਵੇਅ ਤੋਂ ਕੁਝ ਦੂਰੀ 'ਤੇ ਜਾ ਕੇ ਡਿੱਗ ਪਿਆ। ਜਹਾਜ਼ 'ਚ ਸਵਾਰ ਸਾਰੇ ਲੋਕਾਂ ਨੂੰ ਮੌਕੇ 'ਤੇ ਮੁੱਢਲੀ ਸਹਾਇਤਾ ਦਿੱਤੀ ਗਈ।